# ਹੈੱਜਰੋਅ ਸਟੀਵਰਡਸ਼ਿੱਪ ਪ੍ਰੋਗਰਾਮ



**Delta Farmland & Wildlife Trust**

*Partners in Stewardship*

*ਫਾਰਮ ਲੈਂਡਸਕੇਪ ਵਿਚ ਜੰਗਲੀ ਜੀਵਾਂ ਦੇ ਨਿਵਾਸ ਸਥਾਨ ਨੂੰ ਵਧਾਉਣਾ।*

# ਹੈੱਜਰੋਆਂ ਕਿਉਂ ਮਹੱਤਪੂਰਨ ਹਨ?

ਹੈੱਜਰੋਅ/ਵਾੜ ਦੀ ਕਤਾਰ ਦੇਸੀ ਮੂਲ ਦੇ ਰੁੱਖਾਂ, ਝਾੜੀਆਂ ਅਤੇ ਘਾਹ ਦੀ ਬਣੀ ਹੁੰਦੀ ਹੈ ਜੋ ਖੇਤਾਂ ਦੇ ਬੰਨੇ ਬੰਨੇ ਉਗਾਈ ਜਾਂਦੀ ਹੈ। ਉਹ ਫਾਰਮ ਲੈਂਡਸਕੇਪਾਂ 'ਚ ਪੰਛੀਆਂ ਅਤੇ ਪ੍ਰਾਗਣਕਾਰਾਂ ਵਾਸਤੇ ਮਹੱਤਵਪੂਰਨ ਪ੍ਰਕਾਰ ਦਾ ਨਿਵਾਸ ਪ੍ਰਦਾਨ ਕਰਦੀ ਹੈ। ਉਹ ਖੇਤੀ ਸੰਬਧੀ ਹੋਰ ਵੀ ਫਾਇਦੇ ਪ੍ਰਦਾਨ ਕਰਦੀ ਹੈ ਜਿਵੇਂ ਹਵਾ ਦਾ ਕਟਾਉ ਘਟਾਉਣਾ ਅਤੇ ਫਾਇਦੇਮੰਦੇ ਕੀਟ-ਮਕੌੜਿਆਂ ਦੀ ਸਹਾਇਕ ਬਣਨਾਂ। ਹੈੱਜਰੋਆਂ ਸੁਹਜ ਮੁੱਲ ਵੀ ਰੱਖਦੀਆਂ ਹਨ ਤੇ ਸਥਾਨਕ ਲੈਂਡਸਕੇਪ ਨੂੰ ਸੁਹੱਪਣ ਪ੍ਰਦਾਨ ਕਰਦੀਆਂ ਹਨ।

## ਹੈੱਜਰੋਅ ਸਟੀਵਰਡਸ਼ਿੱਪ ਪ੍ਰੋਗਰਾਮ ਕੀ ਹੈ?

ਹੈੱਜਰੋਅ ਸਟੀਵਰਡਸ਼ਿੱਪ ਪ੍ਰੋਗਰਾਮ ਜੰਗਲੀ ਜੀਵ ਜੰਤੂਆਂ ਦੀ ਸਹਾਇਤਾ ਵਾਸਤੇ ਖੇਤਾਂ ਦੇ ਬੰਨੇ ਬੰਨੇ/ਆਲੇ-ਦੁਆਲੇ ਨਵੀਂਆਂ ਹੈੱਜਰੋਆਂ ਬਣਾਉਣ ਲਈ ਫੰਡਿੰਗ ਮੁਹੱਈਆ ਕਰਦਾ ਹੈ। ਹੈੱਜਰੋਆਂ ਜ਼ਮੀਨ ਮਾਲਕਾਂ ਨਾਲ ਸਲਾਹ ਮਸ਼ਵਰੇ ਸਹਿਤ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਵੱਲੋਂ ਲਗਾਈਆਂ ਜਾਂਦੀਆਂ ਹਨ ਅਤੇ ਇਹ ਸਥਾਨਕ ਮੂਲ ਦੇ ਦਰੱਖਤਾਂ ਅਤੇ ਝਾੜੀਆਂ ਦੇ ਵਿਭਿੰਨ ਮਿਸ਼ਰਣ ਨਾਲ ਬਣੀਆਂ ਹੁੰਦੀਆਂ ਹਨ। ਲਗਾਉਣ ਤੋਂ ਮਗਰੋਂ ਦੇ ਪਹਿਲੇ ਤਿੰਨ ਸਾਲਾਂ ਲਈ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਇੰਨ੍ਹਾਂ ਦੀ ਸਾਂਭ-ਸੰਭਾਲ ਕਰਨ 'ਚ ਮਦਦ ਕਰਦਾ ਹੈ ਅਤੇ ਤਿੰਨ ਸਾਲ ਖੇਤੀ ਉਤਪਾਦਨ ਪ੍ਰਾਪਤ ਨਾ ਹੋਣ ਦੇ ਮੁਆਵਜ਼ੇ ਵਜੋਂ ਖਰਚਾ ਵੰਡਾਉਣ ਵਾਸਤੇ ਸਲਾਨਾਂ ਪੇਮੈਂਟ ਅਦਾ ਕਰਦਾ ਹੈ, ਜਿਸ ਨੂੰ ਫੰਡਿੰਗ ਦੇ ਹਿਸਾਬ ਨਾਲ ਵਧਾ ਸਕਣ ਦੀ ਵੀ ਗੁੰਜਾਇਸ਼ ਹੁੰਦੀ ਹੈ।

ਜਿਵੇਂ ਕਿ ਹੈੱਜਰੋਆਂ ਲੰਮੇਂ ਸਮੇਂ ਲਈ ਜੰਗਲੀ ਜੀਵ-ਜੰਤੂਆਂ ਨੂੰ ਵਸੇਬਾ ਪ੍ਰਦਾਨ ਕਰਨ ਦਾ ਫਾਇਦਾ ਦਿੰਦੀਆਂ ਹਨ, ਇੰਨ੍ਹਾਂ ਦੇ ਘੱਟੋ ਘੱਟ ਦਸ ਸਾਲਾਂ ਤੱਕ ਲੱਗੀਆਂ ਰਹਿਣ ਦੀ ਆਸ ਕੀਤੀ ਜਾਂਦੀ ਹੈ। ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਡੈਲਟਾ ਭਰ 'ਚ 16 ਕਿਲੋਮੀਟਰ ਹੈੱਜਰੋਆਂ ਸਥਾਪਤ ਕਰਨ 'ਚ ਮਦਦ ਕਰ ਚੁੱਕਿਆ ਹੈ।

# ਇਸ ਪ੍ਰੈਕਟਿਸ ਨੂੰ ਵਿਚਾਰਨ ਦੀ ਲੋੜ ਕਿਉ ਹੈ?

ਹੈੱਜਰੋਆਂ ਫਸਲ ਉਤਪਾਦਨ ਅਤੇ ਜੰਗਲੀ ਜੀਵ-ਜੰਤੂਆਂ ਲਈ ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦੀਆਂ ਹਨ:

### ਬਾਇਉਡਾਇਵਰਸਿਟੀ ਦੀ ਸੰਭਾਲ

ਜੀਵ-ਜੰਤੂਆਂ ਦੇ ਵਸੇਬੇ ਦਾ ਨੁਕਸਾਨ ਬਾਇਉਡਾਇਵਰਸਿਟੀ ਦੇ ਨੁਕਸਾਨ ਦਾ ਮਹੱਤਵਪੂਰਨ ਚਾਲਕ ਹੈ। ਬਾਇਉਡਾਇਵਰਸਿਟੀ ਦੇ ਲਗਾਤਾਰ ਘਟਦੇ ਜਾਣ ਨੂੰ ਥੋੜਾ ਕਰਨ ਦੀ ਇਕ ਪਹੁੰਚ ਸਥਾਨਕ ਮੂਲ ਦੇ ਪੌਦਿਆਂ ਦੀਆਂ ਹੈੱਜਰੋਆਂ ਦੁਆਰਾ ਫਾਰਮਲੈਂਡ 'ਤੇ ਕੁਦਰਤੀ ਵਸੇਬੇ ਨੂੰ ਵਧਾਉਣਾ ਹੈ।

ਐਗਰੀਕਲਚਰ ਲੈਂਡਸਕੇਪ ਵਿਚ, ਹੈੱਜਰੋਆਂ ਵੱਖ ਵੱਖ ਪ੍ਰਜਾਤੀਆਂ ਸਮੇਤ ਫਾਇਦੇਮੰਦ ਪੰਛੀਆਂ ਅਤੇ ਕੀਟਾਂ (ਜਿਵੇਂ ਕਿ ਜੰਗਲੀ ਪ੍ਰਾਗਣਕਾਰ ਅਤੇ ਸ਼ਿਕਾਰੀ ਪ੍ਰਕਾਰ ਦੇ ਕੀਟ-ਮਕੌੜੇ) ਵਾਸਤੇ ਸਾਲ ਭਰ ਵਸੇਬਾ ਪ੍ਰਦਾਨ ਕਰਦੀਆਂ ਹਨ। ਬਾਇਉਡਾਇਵਰਸਿਟੀ ਦੀ ਸੰਭਾਲ 'ਚ ਹੈੱਜਰੋਆਂ ਮਹੱਤਵਪੂਰਨ ਪ੍ਰਭਾਵ ਪਾ ਸਕਦੀਆਂ ਹਨ। ਮੌਜੂਦਾ ਹੈੱਜ਼ਰੋਆਂ ਨੂੰ ਬਣਾਈ ਰੱਖਣ ਅਤੇ ਜੈਵਿਕ ਤੌਰ 'ਤੇ ਵਿਭਿੰਨ ਪ੍ਰਕਾਰ ਦੀਆਂ ਹੈੱਜਰੋਆਂ ਲਗਾਉਣ ਨੂੰ ਫਾਰਮਲੈਂਡ[1] 'ਤੇ ਬਾਇਉਡਾਇਵਰਸਿਟੀ ਨੂੰ ਵਧਾਉਣ 'ਚ ਸਭ ਤੋਂ ਵੱਧ ਮਹੱਤਵਪੂਰਨ ਯੋਗਦਾਨ ਪਾਉਣ ਵਾਲਿਆਂ ਵਜੋਂ ਪਛਾਣਿਆ ਜਾ ਚੁੱਕਿਆ ਹੈ। ਫਾਰਮਲੈਂਡ 'ਤੇ ਬਾਇਉਡਾਇਵਰਸਿਟੀ ਵਧਾਉਣਾ ਫਸਲਾਂ ਦੇ ਝਾੜ ਨੂੰ ਵਧਾ ਸਕਦਾ ਹੈ ਅਤੇ ਫਸਲਾਂ 'ਤੇ ਫਸਲੀ ਕੀੜਿਆਂ ਦੇ ਦਬਾਅ ਨੂੰ ਘਟਾ ਸਕਦਾ ਹੈ।

### ਜੰਗਲੀ ਜੀਵ-ਜੰਤੂਆਂ ਦਾ ਵਸੇਬਾ

ਹੈੱਜਰੋਆਂ ਜੰਗਲੀ ਜੀਵ-ਜੰਤੂਆਂ ਲਈ ਭੋਜਨ ਪ੍ਰਦਾਨ ਕਰਦੀਆਂ, ਲੁਕਣਗਾਹ ਤੇ ਥਰਮਲ ਕਵਰ ਦਿੰਦੀਆਂ, ਪ੍ਰਜਣਨ ਸਥਾਨ ਪ੍ਰਦਾਨ ਕਰਦੀਆਂ ਅਤੇ ਵਸੇਬੇ ਦੇ ਵੱਖ ਵੱਖ ਟੋਟਿਆਂ ਨੂੰ ਜੋੜਦਿਆਂ ਹੋਇਆਂ ਫਿਰਨ ਤੁਰਨ ਲਈ ਗਲਿਆਰੇ ਪ੍ਰਦਾਨ ਕਰਦੀਆਂ ਹਨ। ਐਗਰੀਕਲਚਰ ਲੈਂਡਸਕੇਪਾਂ 'ਚ, ਜੰਗਲੀ ਜੀਵ-ਜੰਤੂਆਂ ਦੇ ਝੁੰਡਾਂ ਦੀ ਸਹਾਇਤਾ ਲਈ ਇਹ ਵਸੇਬੇ ਬੜੇ ਮਹੱਤਵਪੂਰਨ ਹਨ, ਵਿਸ਼ੇਸ਼ ਕਰਕੇ ਪ੍ਰਜਣਨ, ਇਕ ਥਾਉਂ ਤੋਂ ਦੂਜੇ ਥਾਂ ਜਾਣ ਅਤੇ ਸਰਦੀਆਂ ਦੇ ਪੰਛੀਆਂ ਵਾਸਤੇ। ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਦੇ ਸਰਵੇਖਣਾ ਨੇ 70 ਤੋਂ ਉਪਰ ਵੱਖ ਵੱਖ ਗਾਉਣ ਵਾਲੇ ਪੰਛੀਆਂ ਦੀ ਪਛਾਣ ਕੀਤੀ ਹੈ ਜਿਹੜੇ ਇੰਨ੍ਹਾਂ ਵਸੇਬਿਆਂ ਦੀ ਵਰਤੋਂ ਕਰਦੇ ਹਨ। ਐਪਰ, ਵਿਸ਼ਵਭਰ 'ਚ ਖੇਤੀਬਾੜੀ ਦੇ ਤੀਬਰ ਵਾਧੇ ਨੇ ਇੰਨ੍ਹਾਂ ਮਹੱਤਵਪੂਰਨ ਈਕੋਸਿਸਟਮ ਭਾਗਾਂ ਦਾ ਵੱਡਾ ਨੁਕਸਾਨ ਕੀਤਾ ਹੈ।

### ਪਾਣੀ ਦਾ ਪ੍ਰਬੰਧਨ

ਹੈੱਜਰੋਆਂ ਮਿੱਟੀ ਦੇ ਪਾਣੀ ਜੀਰਨ ਅਤੇ ਉਸਨੂੰ ਸਾਂਭਣ ਦੀ ਸਮਰੱਥਾ 'ਚ ਸੁਧਾਰ ਲਿਆ ਸਕਦੀਆਂ ਹਨ, ਜਿਸ ਤੋਂ ਨਾਲ ਲੱਗਦੇ ਖੇਤਰਾਂ 'ਚ ਪਾਣੀ ਦੇ ਛੱਪੜ ਬਣਨ ਅਤੇ ਹੜ੍ਹਾਂ ਦੀ ਗੁੰਜ਼ਾਇਸ਼ ਘਟਦੀ ਹੈ।

ਪ੍ਰੋਗਰਾਮ ਤਬਦੀਲੀਆਂ ਅਤੇ ਮਹੱਤਵਪੂਰਨ ਯਾਦਪੱਤਰਾਂ ਸਮੇਤ ਅੱਪ-ਟੂ-ਡੇਟ ਪ੍ਰੋਗਰਾਮ ਜਾਣਕਾਰੀ ਪ੍ਰਾਪਤ ਕਰਨ ਲਈ ਇਸਨੂੰ ਸਕੈਨ ਕਰੋ:

## ਫਸਲੀ ਪ੍ਰਾਗਣਕਿਰਿਆ ਨੂੰ ਵਧਾਉਣਾ

ਤਾਜ਼ਾ ਖੋਜ ਨੇ ਫਸਲੀ ਪ੍ਰਾਗਣਕਿਰਿਆ ਅਤੇ ਸਮੁੱਚੇ ਝਾੜ ਵਾਸਤੇ ਜਾਂਗਲੀ ਪ੍ਰਾਗਣਕਾਰਾਂ ਦੇ ਮਹੱਤਵ ਨੂੰ ਦਰਸਾਇਆ ਹੈ। ਇਕ ਬੀ ਸੀ ਅਧਿਐਨ ਨੇ ਪਤਾ ਲਗਾਇਆ ਕਿ ਪ੍ਰਾਗਣਕਾਰਾਂ ‘ਤੇ ਨਿਰਭਰ ਕਰਦੀਆਂ ਫਸਲਾਂ, ਜਿਵੇਂ ਕਿ ਬਲੂਬੈਰੀਆਂ, ਵਾਸਤੇ ਪ੍ਰਾਗਣਕਿਰਿਆ ਨੂੰ ਵਧਾਉਣ ਲਈ ਜਾਂਗਲੀ ਪ੍ਰਾਗਣਕਾਰਾਂ ਦੀ ਜ਼ਰੂਰਤ ਹੈ।[2] ਉਨ੍ਹਾਂ ਪਤਾ ਲਗਾਇਆ ਕਿ ਬੀ ਸੀ ‘ਚ ਉੱਚੀਆਂ ਵਧਣ ਵਾਲੀਆਂ ਬਲੂਬੈਰੀਆਂ ਦਾ ਝਾੜ 30% ਤੱਕ ਵਧਣ ਦੀ ਗੁੰਜ਼ਾਇਸ਼ ਹੈ ਜੇਕਰ ਜਾਂਗਲੀ ਪ੍ਰਾਗਣਕਾਰਾਂ[2] ਦੁਆਰਾ ਪ੍ਰਾਗਣਕਿਰਿਆ ਨੂੰ ਵਧਾਇਆ ਜਾਵੇ ਅਤੇ ਇਹ ਕਿ ਡਿਊਕ ਅਤੇ ਬਲੂਕਰਾਪ ਬਲੂਬੈਰੀਆਂ ਤਰਤੀਬਵਾਰ 7,800 ਡਾਲਰ/ਹੈਕਟੇਅਰ ਅਤੇ 18,400 ਡਾਲਰ/ਹੈਕਟੇਅਰ ਤੱਕ ਵਧੀਕ ਦੇ ਸਕਦੀਆਂ ਹਨ ਜੇਕਰ ਪ੍ਰਾਗਣਕਿਰਿਆ ਨੂੰ ਵੱਧ ਤੋਂ ਵੱਧ[2] ਕੀਤਾ ਜਾਵੇ। ਬੀ ਸੀ ਦੇ ਇਕ ਹੋਰ ਅਧਿਐਨ ਨੇ ਪਤਾ ਲਗਾਇਆ ਕਿ ਬੰਬਲ-ਬੀ ਦੀ ਬਹੁਤਾਤ ਦਾ ਬਲੂਬੈਰੀ ਅਤੇ ਕਰੇਨਬੈਰੀ ਉੱਪਰ ਮਧੂਮੱਖੀਆਂ ਦੀ ਬਹੁਤਾਤ ਨਾਲੋਂ ਵਡੇਰਾ ਅਸਰ ਹੋਇਆ। ਯੂ ਐੱਸ ਮਿਡਵੈਸਟ ‘ਚ ਇਕ ਅਧਿਐਨ ਨੇ ਜਾਣਿਆਂ ਕਿ ਜੰਗਲੀ ਫੁੱਲਾਂ ਦੇ ਨਾਲ ਲੱਗਦੇ ਖੇਤਾਂ ‘ਚ ਫਲ, ਬੈਰੀ ਦਾ ਭਾਰ, ਪ੍ਰਤਿਬੈਰੀ ਵੱਡੇ ਫ਼ਲ ਦੀ ਪ੍ਰਤਿਸ਼ਤ ਵਧੇਰੇ ਸੀ, ਜਿਸਦਾ ਨਤੀਜਾ ਵਧੇਰੇ ਝਾੜ ਹੋਇਆ।[4]

ਅਖੀਰ ‘ਚ ਯੂ ਕੇ ਤੋਂ ਇਕ ਅਧਿਐਨ ਨੇ ਜਾਣਿਆਂ ਕਿ ਖੇਤਾਂ ਵਿਚਲੀ ਫ਼ਲੀਆਂ ਦੀ ਫਸਲ ਜਿਸ ਦਾ ਪ੍ਰਾਗਣ ਖੁੱਲ੍ਹੇ ਜਾਂਗਲੀ ਪ੍ਰਾਗਣਕਾਰਾਂ ਦੁਆਰਾ ਹੋਇਆ ਉਸ ਦੇ ਝਾੜ ‘ਚ ਸਵੈ-ਪ੍ਰਾਗਣਕਿਰਿਆ ਵਾਲੀ ਫਸਲ ਦੇ ਮੁਕਾਬਲੇ 185% ਦਾ ਵਾਧਾ ਵੇਖਿਆ ਗਿਆ।[5]

## ਜੈਵਿਕ ਕੀਟ ਪ੍ਰਬੰਧਨ

ਫਾਰਮਲੈਂਡ ‘ਤੇ ਹੈਜੌਰਅ ਨੂੰ ਜੈਵਿਕ ਕੀਟ ਪ੍ਰਬੰਧਨ ‘ਚ ਸਹਾਇਕ ਵਿਖਾਇਆ ਜਾ ਚੁੱਕਾ ਹੈ। ਖੋਜ ਨੇ ਪਛਾਣ ਕੀਤੀ ਹੈ ਕਿ ਖੇਤੀਬਾੜੀ ਵਾਲੇ ਲੈਂਡਸਕੇਪ ਗੈਰ-ਫਸਲੀ ਵਸੇਬੇ, ਜਿਵੇਂ ਹੈੱਜਰੋਆਂ ਅਤੇ ਖੇਤਾਂ ਦੇ ਬੰਨੇ ਬੰਨੇ ਲੱਗਿਆ ਘਾਹ ਸ਼ਿਕਾਰੀ ਕੀਟਾਂ ਦੀ ਵੱਸੋਂ ਨੂੰ ਵਧਾਉਣ ‘ਚ ਮਦਦ ਕਰਦਾ ਹੈ।[6] ਇਕ ਹੋਰ ਅਧਿਐਨ ਨੇ ਪਤਾ ਲਗਾਇਆ ਕਿ ਅਰਧ-ਕੁਦਰਤੀ ਖੇਤਰਾਂ ਵਾਲੇ ਲੈਂਡਸਕੇਪਾਂ ‘ਚ ਜਾਂ ਤਾਂ ਫਸਲੀ ਕੀੜੇ ਘੱਟ ਸਨ ਜਾਂ ਵਧੇਰੇ ਬਾਇਉ-ਕੰਟਰੋਲ ਸੀ।[11] ਹੈੱਜਰੋਆਂ ਬਾਰੇ ਇਹ ਵੀ ਜਾਣਿਆਂ ਗਿਆ ਕਿ ਖੇਤਾਂ ਦੇ ਨਦੀਨਾਂ ਵਾਲੇ ਕਿਨਾਰਿਆਂ ਦੇ ਮੁਕਾਬਲੇ ਇਹ ਕੀੜਿਆਂ ਨਾਲੋਂ ਫਾਇਦੇਮੰਦ ਕੀਟਾਂ ਲਈ ਵਧੇਰੇ ਸਹਾਇਕ ਹੁੰਦੀਆਂ ਹਨ।[7-10]

## ਹਵਾ ਲਈ ਰੁਕਾਵਟ

ਹੈੱਜਰੋਆਂ ਹਵਾਰੋਧਕ ਵਜੋਂ ਕੰਮ ਕਰਦੀਆਂ ਹਨ, ਜਿਸ ਨਾਲ ਹਵਾ ਦਾ ਕਟਾਉ ਘਟਦਾ, ਸੂਖਮ ਜਲਵਾਯੂ ‘ਚ ਸੁਧਾਰ ਹੁੰਦਾ ਅਤੇ ਫਸਲਾਂ ਨੂੰ ਹਵਾ ਨਾਲ ਹੁੰਦਾ ਨੁਕਸਾਨ ਘਟਦਾ ਹੈ। ਭਾਵੇਂ ਹੈੱਜਰੋਅ ਦੇ ਬਿਲਕੁਲ ਨਾਲ ਲੱਗਦੀਆਂ ਫਸਲਾਂ (ਮਤਲਬ ਹੈੱਜਰੋਅ ਦੀ ਉਚਾਈ ਜਿੰਨੀ ਦੂਰੀ) ‘ਤੇ ਨਾਕਾਰਤਮਕ ਅਸਰ ਪੈ ਸਕਦਾ ਹੈ, ਪਰੰਤੂ ਅਧਿਐਨਾਂ ਨੇ ਵਿਖਾਇਆ ਹੈ ਕਿ ਫਸਲ ਦੀ ਕਿਸਮ ਅਤੇ ਸਥਾਨਕ ਹਾਲਤਾਂ ‘ਤੇ ਨਿਰਭਰ ਕਰਦਿਆਂ, ਕੁੱਲ ਝਾੜ ‘ਚ ਸ਼ੁੱਧ ਵਾਧਾ ਹੋ ਸਕਦਾ ਹੈ।[12-13]

## ਜਲਵਾਯੂ ਤਬਦੀਲੀ ਘਟਣਾ

ਹੈੱਜਰੋਆਂ ਫਾਰਮ ਲੈਂਡਸਕੇਪ ‘ਚ ਕਾਰਬਨ ਸਟੋਰ ਕਰਨ ਦੀ ਥਾਂ ਵਜੋਂ ਕੰਮ ਕਰ ਸਕਦੀਆਂ ਹਨ। ਦਰਖਤਾਂ ਅਤੇ ਝਾੜੀਆਂ ਦੇ ਲੱਕੜੀ ਤਣਿਆਂ ‘ਚ ਕਾਰਬਨ ਇੱਕਠੀ ਕਰਨ ਤੋਂ ਇਲਾਵਾ, ਹੈੱਜਰੋਆਂ ਮਿੱਟੀ ‘ਚ ਵੀ ਕਾਰਬਨ ਵਧਾ ਸਕਦੀਆਂ ਹਨ। ਡੈਲਟਾ ‘ਚ ਹੈੱਜਰੋਆਂ ਹੇਠਲੀ ਮਿੱਟੀ ‘ਚ ਨੇੜਲੇ ਫਸਲਾਂ ਵਾਲੇ ਖੇਤਾਂ ਨਾਲੋਂ 40% ਵਧੇਰੇ ਆਰਗੈਨਿਕ ਕਾਰਬਨ ਪਾਈ ਗਈ।[14]

## ਵਧੇਰੇ ਆਮਦਨ

ਵਧੇਰੇ ਪ੍ਰਾਗਣਕਿਰਿਆ ਅਤੇ ਜੈਵਿਕ ਕੀੜਿਆਂ ਦੇ ਕੰਟਰੋਲ ਦਰਮਿਆਨ, ਕਿਸੇ ਫਾਰਮ ‘ਤੇ ਹੈੱਜਰੋਆਂ ਲਗਾਉਣ ਦਾ ਨਤੀਜਾ, ਪ੍ਰਾਗਣਕਾਰਾਂ ‘ਤੇ ਨਿਰਭਰ ਫਸਲਾਂ ਦੇ ਵਧੇਰੇ ਝਾੜ ਅਤੇ ਕੀਟਨਾਸ਼ਕ ਛਿੜਕਣ ਦੀ ਜ਼ਰੂਰਤ ਨਾਲ ਜੁੜੇ ਖਰਚੇ ਘਟਣ ਕਾਰਨ, ਵਧੇਰੇ ਆਮਦਨ ਹੋ ਸਕਦੀ ਹੈ।


1. Billeter, R., et al. (2008). Indicators for biodiversity in agricultural landscapes: a pan European study. Journal of Applied Ecology 45: 141-150.
2. Button, L. & Elle, E. (2014). Wild bumble bees reduce pollination deficits in a crop mostly visited by managed honey bees. Agric Ecosyst Environ 197:255–63.
3. Ratti, C.M., Higo, H.A., Griswold, T.L., & Winston, M.L. (2008). Bumble bees influence berry size in commercial Vaccinium spp. Cultivation in British Columbia. Can. Entomol. 140: 348-363.
4. Blaauw, B.R. & Isaacs, R. (2014). Flower plantings increase wild bee abundance and the pollination services provided to a pollination-dependent crop. J Appl Ecol 51: 890-98.
5. Nayak, G.K., Roberts, S.P.M., Garratt, M., Breeze, T.D., Tscheulin, T., Harrison-Cripps, J., Vogiatzakis, I.N., Stirpe, M.T., & Potts, S.G. (2015). Interactive e ect of floral abundance and semi-natural habitats on pollinators in field beans (Vicia faba). Agriculture, Ecosytems & Environment 199: 58-66.
6. Bianchi, F.J.J.A., Booij, C.J.H., & Tscharntke, T. (2006). Sustainable pest regulation in agricultural landscapes: a review on landscape composition, biodiversity and natural pest control. Proc Biol Sci 273(1595): 1715-1727.
7. Cibulova, J. & Henderson, D. (1998). Weed and Insect Surveys of Hedgerows, Setasides, Grass and Crop margins 1997. E.S. Cropconsult Ltd.
8. Gareau, T.L.P, Letourneau, D.K., Shennan, C. (2013). Relative densities of natural enemy and pest insects within California hedgerows. Environmental Entomology 42(4): 688-702.
9. Morandin, L., Long, R.F, Pease, C., & Kremen, C. (2011). Hedgerows enhance beneficial insects on farms in California's Central Valley. California Agriculture 65(4): 197-201.
10. Morandin, L.A., Long, R.F., & Kremen, C. (2014). Hedgerows enhance beneficial insects on adjacent tomato fields in an intensive agricultural landscape. Agriculture, Ecosystems & Environment 189: 164-170.
11. Veres, A., Petit, S., Conord, C., & Lavigne, C. (2011). Does landscape composition a ect pest abundance and their control by natural enemies? A review. Agriculture, Ecosystems and Environment 166: 110-117.
12. Kort, J. (1988). 9. Benefits of windbreaks to field and forage crops. Agriculture, Ecosystems & Environment 22-23: 165-190.
13. Vooren, L.V., Reubens, B., Broekx, S., Pardon, P., Reheul, D., Winsen, F.V., Verheyen, K., Wauters, E., & Lauwers, L. (2016). Greening and producing: An economic assessment framework for integrating trees in cropping systems. Agricultural Systems 148: 44-57.
14. 14 - Thiel, B., Smukler, S.M., Krzic, M., Gergel, S.E., & Terpsma, C. (2015). Using hedgerow biodiversity to enhance the carbon storage of farmland in the Fraser River delta of British Columbia. Journal of Soil and Water Conservation, 70, 247 - 256.

# ਕਿਹੜੀ ਫੰਡਿੰਗ ਉਪਲਬਧ ਹੈ?

**ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਪੌਦੇ, ਲੇਬਰ ਅਤੇ ਮਲਚ ਸਮੇਤ ਸਥਾਨਕ ਮੂਲ ਦੇ ਪੌਦਿਆਂ ਦੀ ਹੈੱਜਰੋਅ ਲਗਾਉਣ ਦੇ ਖਰਚੇ ਪੂਰੇ ਕਰਦਾ ਹੈ**

+

**500 ਡਾਲਰ/ਏਕੜ ਵਾਧੂ**
ਐਗਰੀਮੈਂਟ ਦੇ ਪਹਿਲੇ ਤਿੰਨ ਸਾਲਾਂ ਲਈ, ਉਸ ਫਾਰਮਲੈਂਡ ਵਾਸਤੇ ਜਿਸ ਨੂੰ ਕਾਰਜਸ਼ੀਲ ਖੇਤੀਬਾੜੀ ਤੋਂ ਹਟਾਇਆ ਗਿਆ, ਜੇ ਫੰਡਿੰਗ ਮੌਜੂਦ ਹੋਵੇ ਤਾਂ ਇਸ ਸਮੇਂ ਨੂੰ ਵਧਾਏ ਜਾਣ ਦੀ ਗੁੰਜਾਇਸ਼ ਹੈ।

ਹੈੱਜਰੋਅ ਦਾ ਡਿਜ਼ਾਇਨ ਫਾਰਮਰ/ਜ਼ਮੀਨ ਮਾਲਕ ਦੇ ਨਾਲ ਸਲਾਹ ਮਸ਼ਵਰੇ ਨਾਲ ਬਣਦਾ ਹੈ ਅਤੇ ਇਕ ਤੀਸਰੀ ਧਿਰ ਲੈਂਡਸਕੇਪ ਕਾਂਟਰੈਕਟਰ ਵੱਲੋਂ ਉਸਨੂੰ ਅੰਤਮ ਰੂਪ ਦਿੱਤਾ ਜਾਂਦਾ ਹੈ। ਹੈੱਜਰੋਅ ਲਗਾਉਣ 'ਚ ਸਾਰੀ ਪੌਦਾ ਸਮੱਗਰੀ, ਲੇਬਰ, ਸਾਜ਼-ਸਮਾਨ ਅਤੇ ਮਲਚ ਸ਼ਾਮਲ ਹਨ। ਸਿੰਚਾਈ ਦਾ ਭਾਗ ਵੀ ਯੋਗ ਹੋ ਸਕਦਾ ਹੈ।

## ਕੀ ਮੈਂ ਯੋਗ ਹਾਂ?

ਮੈਟਰੋ ਵੈਨਕੂਵਰ ਅਤੇ ਐਬਟਸਫੋਰਡ ਵਿਚ ਫਾਰਮਲੈਂਡ ਵਾਲੇ ਫਾਰਮਰ ਜਾਂ ਜ਼ਮੀਨ ਮਾਲਕਾਂ ਲਈ ਖਰਚਾ ਵੰਡਾਉਣ ਵਾਲੀ ਫੰਡਿੰਗ ਖੁੱਲ੍ਹੀ ਹੈ। ਇਹ ਪ੍ਰੋਗਰਾਮ ਪਹਿਲਾਂ ਆਏ, ਪਹਿਲਾਂ ਨਿਪਟੇ ਆਧਾਰ 'ਤੇ ਉਪਲਬਧ ਹੈ। ਕਿਰਪਾ ਕਰਕੇ ਆਪਣੇ ਪ੍ਰਾਜੈਕਟ ਬਾਰੇ ਗੱਲਬਾਤ ਕਰਨ ਲਈ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਨਾਲ ਸੰਪਰਕ ਕਰੋ।

# ਅਰਜ਼ੀ ਦੇਣ ਦਾ ਢੰਗ-ਤਰੀਕਾ ਕੀ ਹੈ?

ਅਰਜ਼ੀ ਦੇਣ ਦਾ ਅਮਲ ਸ਼ੁਰੂ ਕਰਨ ਲਈ ਪ੍ਰੋਗਰਾਮ 'ਚ ਸ਼ਾਮਲ ਹੋਣ ਵਾਲਿਆਂ ਨੂੰ ਜ਼ਰੂਰੀ ਤੌਰ 'ਤੇ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਨਾਲ ਸੰਪਰਕ ਕਰਨਾ ਹੋਵੇਗਾ। ਹੈੱਜਰੋਅ ਸਟੀਵਰਡਸ਼ਿੱਪ ਪ੍ਰੋਗਰਾਮ ਪਹਿਲਾਂ ਆਏ, ਪਹਿਲਾਂ ਨਿਪਟੇ ਵਾਲਾ ਹੈ, ਅਤੇ ਫੰਡਿੰਗ ਜਿਸ ਤਰਤੀਬ 'ਚ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ, ਉਵੇਂ ਹੀ ਪ੍ਰਾਜੈਕਟਾਂ ਵਾਸਤੇ ਅਲਾਟ ਕੀਤੀ ਜਾਵੇਗੀ।

ਦੋ ਤਰੀਕੇ ਹਨ, ਜਿੰਨ੍ਹਾਂ ਨਾਲ ਤੁਸੀਂ ਅਰਜ਼ੀ ਸ਼ੁਰੂ ਕਰ ਸਕਦੇ ਹੋ:

- (604) 970-7640 'ਤੇ ਫੋਨ ਕਰੋ
- programs@dfwt.ca ਨੂੰ ਈਮੇਲ ਕਰੋ

# ਲਗਾਉਣ ਲਈ ਦਿਸ਼ਾ-ਨਿਰਦੇਸ਼

ਹੈੱਜਰੋਆਂ ਸਭ ਤੋਂ ਵਧੀਆ ਪੱਤਝੜ ਰੁੱਤੇ ਲਗਾਈਆਂ ਜਾਂਦੀਆਂ ਹਨ, ਪਰ ਇਹ ਬਹਾਰ ਰੁੱਤੇ ਦੇ ਸ਼ੁਰੂ 'ਚ ਵੀ ਲਗਾਈਆਂ ਜਾ ਸਕਦੀਆਂ ਹਨ। ਪੱਤਝੜ ਰੁੱਤੇ ਲਗਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਸਾਲ ਦੇ ਇਸ ਸਮੇਂ ਪੌਦੇ ਸੁਸਤ ਹੋ ਰਹੇ ਹੁੰਦੇ ਹਨ ਅਤੇ ਪੁੱਟ ਕੇ ਲਗਾਉਣ 'ਤੇ ਜੀਵਤ ਰਹਿਣ ਦੇ ਮੌਕੇ ਵਧੀਆ ਮੰਨੇ ਜਾਂਦੇ ਹਨ। ਪੱਤਝੜ ਅਤੇ ਸਰਦ ਰੁੱਤ ਦਾ ਸਮਾਂ ਪੌਦਿਆਂ ਦੀਆਂ ਜੜ੍ਹਾਂ ਨੂੰ ਮਿੱਟੀ 'ਚ ਲੱਗ ਜਾਣ ਦਿੰਦਾ ਹੈ, ਜੋ ਆਉਣ ਵਾਲੀ ਬਹਾਰ ਰੁੱਤੇ ਜੜ੍ਹਾਂ ਫੈਲਣ ਨੂੰ ਯਕੀਨੀ ਬਣਾਉਂਦਾ ਹੈ।

ਹੈੱਜੋਰਆਂ ਵਾਲੀ ਥਾਂ ਪੌਦੇ ਲਗਾਉਣ ਤੋਂ ਪਹਿਲਾਂ ਤਿਆਰ ਕੀਤੀ ਅਤੇ ਹੋਰ ਬਨਸਪਤੀ ਰਹਿਤ ਕੀਤੀ ਜਾਣੀ ਚਾਹੀਦੀ ਹੈ ਅਤੇ ਜਦੋਂ ਹੈੱਜਰੋਅ ਸਥਾਪਤ ਹੋ ਰਹੀ ਹੁੰਦੀ ਹੈ, ਸਿੱਲ ਬਣਾਈ ਰੱਖਣ ਤੇ ਨਦੀਨਾਂ ਦੀ ਰੋਕਥਾਮ ਲਈ ਮਲਚ ਪਾਈ ਜਾਂਦੀ ਹੈ। ਪਹਿਲੀਆਂ ਕੁਝ ਗਰਮ ਰੁੱਤਾਂ 'ਚ ਹੈੱਜਰੋਅ ਨੂੰ ਜਿਉਂਦੇ ਰਹਿਣ ਲਈ ਸਿੰਚਾਈ ਕੀਤੀ ਜਾਣੀ ਵੀ ਜ਼ਰੂਰੀ ਹੁੰਦੀ ਹੈ।

### ਆਮ ਸਿਫਾਰਸ਼ਾਂ

- ਹੈੱਜਰੋਅ ਦਾ ਸਾਈਜ਼ ਵਧਾਉਣਾ (ਲੰਬਾਈ, ਚੌੜਾਈ ਅਤੇ ਉਚਾਈ) ਪੰਛੀਆਂ ਦੀ ਵਿਭਿੰਨਤਾ ਅਤੇ ਬਹੁਤਾਤ ਨੂੰ ਵਧਾਉਣ 'ਚ ਸਹਾਈ ਹੁੰਦਾ ਹੈ।
- ਸਭ ਤੋਂ ਵਧੀਆ ਹੈੱਜਰੋਆਂ ਘੱਟੋ-ਘੱਟ 4-5 ਮੀਟਰ ਚੌੜੀਆਂ ਹੁੰਦੀਆਂ ਹਨ।
- ਸਥਾਨਕ ਮੂਲ ਦੀਆਂ ਪ੍ਰਜਾਤੀਆਂ ਜੋ ਖੇਤਰੀ ਹਾਲਤਾਂ ਅਨੁਸਾਰ ਹੋਣ, ਜੰਗਲੀ ਜੀਵ-ਜੰਤੂਆਂ ਨੂੰ ਸਭ ਤੋਂ ਵੱਧ ਫਾਇਦਾ ਦਿੰਦੀਆਂ ਹਨ।
- ਸਥਾਨਕ ਮੂਲ ਦੇ ਉਗਾਏ ਪੌਦੇ ਸਭ ਤੋਂ ਵਧੀਆ ਰੂਪ 'ਚ ਫੈਲਣ ਦੀ ਸੰਭਾਵਨਾਂ ਰੱਖਦੇ ਹਨ।
- ਪ੍ਰਜਾਤੀਆਂ ਦਾ ਵਿਭਿੰਨ ਪ੍ਰਕਾਰ ਦਾ ਮਿਸ਼ਰਣ, ਦਰਖਤਾਂ ਅਤੇ ਝਾੜੀਆਂ ਸਮੇਤ, ਪੂਰਾ ਸਾਲ ਭਰ ਵੱਖ-ਵੱਖ ਤਰ੍ਹਾਂ ਦਾ ਭੋਜਨ ਪ੍ਰਦਾਨ ਕਰੇਗਾ।
- ਕੋਨ-ਸ਼ਕਲੀ ਤੇ ਨੁਕੀਲੇ ਪੱਤਿਆਂ ਵਾਲੇ ਦਰਖਤਾਂ ਅਤੇ ਪੱਤੇ ਝੜ ਜਾਣ ਵਾਲੇ ਦਰਖਤਾਂ ਦਾ ਮਿਸ਼ਰਣ ਪੂਰਾ ਸਾਲ ਭਰ ਥਰਮਲ ਅਤੇ ਸਕਿਉਰਿਟੀ ਕਵਰ ਪ੍ਰਦਾਨ ਕਰਨਗੇ।
- ਹੈੱਜਰੋਆਂ ਨੂੰ ਜੰਗਲ, ਕੁਦਰਤੀ ਖੇਤਰਾਂ ਅਤੇ ਹੋਰ ਹੈੱਜੋਰਆਂ ਨਾਲ ਜੋੜਨਾਂ ਜਾਨਵਰਾਂ ਨੂੰ ਇੰਨ੍ਹਾ ਖੇਤਰਾਂ ਦਰਮਿਆਨ ਫਿਰਨ ਤੁਰਨ ਨੂੰ ਬੜ੍ਹਾਵਾ ਦਿੰਦਾ ਹੈ।
- ਹੈੱਜਰੋਆਂ ਦੇ ਨਾਲ ਲੱਗਦੀ ਘਾਹ ਵਾਲੀ ਥਾਂ ਜਾਂ ਖਾਈ ਉਸਦੇ ਵਸੇਬਾ ਮੁੱਲ ਨੂੰ ਵਧਾਉਂਦੇ ਹਨ।

# ਹੈੱਜਰੋਅ ਪ੍ਰਜਾਤੀਆਂ

ਜਦੋਂ ਆਪਣੇ ਫਾਰਮ 'ਚ ਹੈਜਰੋਅ ਲਗਾਉਂਦੇ ਹੋਵੋ ਤਾਂ ਸਥਾਨਕ ਮੂਲ ਦੇ ਦਰਖਤ ਅਤੇ ਝਾੜੀਆਂ ਦਾ ਵਿਭਿੰਨ ਪ੍ਰਕਾਰ ਦਾ ਮਿਸ਼ਰਣ ਚੁਣਨਾਂ ਤੁਹਾਡੇ ਫਾਰਮ ਉੱਪਰ ਜੰਗਲੀ ਜੀਵ-ਜੰਤੂਆਂ ਲਈ ਵਧੇਰੇ ਮੁੱਲਵਾਨ ਬਣਦਾ ਹੈ। ਆਪਣੇ ਫਾਰਮ ਦੀ ਮਿੱਟੀ ਅਤੇ ਸਿੱਲ ਦੀਆਂ ਹਾਲਤਾਂ ਦੇ ਅਨੁਸਾਰ ਪ੍ਰਜਾਤੀਆਂ ਦੀ ਚੋਣ ਕਰਨੀ ਮਹੱਤਵਪੂਰਨ ਗੱਲ ਹੈ। ਹੇਠਾਂ ਦਿੱਤੀ ਸਾਰਣੀ ਕਈ ਸਾਰੀਆਂ ਸਥਾਨਕ ਮੂਲ ਦੀਆਂ ਪ੍ਰਜਾਤੀਆਂ, ਜੋ ਫਰੇਜ਼ਰ ਵੈਲੀ ਅਤੇ ਮੈਟਰੋ ਵੈਨਕੂਵਰ ਦੇ ਫਾਰਮਾਂ 'ਤੇ ਲਗਾਈਆਂ ਗਈਆਂ ਹਨ, ਉਨ੍ਹਾਂ ਦੀ ਪਛਾਣ ਕਰਦੀ ਹੈ ਅਤੇ ਜੰਗਲੀ ਜੀਵ-ਜੰਤੂਆਂ ਲਈ ਉਨ੍ਹਾਂ ਦੇ ਕੁਝ ਫਾਇਦੇ ਦਰਸਾਉਂਦੀ ਹੈ।

| ਦਰਖਤ<br>ਆਮ ਨਾਂ | ਵਿਗਿਆਨਕ ਨਾਂ | ਉੱਚਾਈ | ਮਿੱਟੀ ਵਿਚਲੀ ਸਿੱਲ੍ਹ | ਛੁੱਪਣਾਹੀ (ਲਈ ਮੁਹੱਈਆ) | ਪੰਛੀਆਂ (ਲਈ ਮੁਹੱਈਆ) | ਕੀਟ (ਲਈ ਮੁਹੱਈਆ) | ਸਰਦੀਆਂ ਦੌਰਾਨ ਕਵਰ (ਲਈ ਮਹੱਤਪਵਪੂਰਨ) | ਫੁੱਲ (ਲਈ ਮਹੱਤਪਵਪੂਰਨ) | ਬੀਜ/ਫਲ (ਲਈ ਮਹੱਤਪਵਪੂਰਨ) |
|---|---|---|---|---|---|---|---|---|---|
| ਵੈਸਟਰਨ ਰੈੱਡ ਸੀਡਰ | *Thuja plicata* | >20 | m-w | ✓ | ✓ | | ✓ | | ✓ |
| ਵੈਸਟਰਨ ਹੈਮਲੌਕ | *Tsuga heterophylla* | >20 | d-w | ✓ | ✓ | | ✓ | | ✓ |
| ਸ਼ੋਰ ਪਾਈਨ | *Pinus contorta* | 7-10 | m-d | ✓ | ✓ | | ✓ | | ✓ |
| ਡੱਗਲਸ ਫਰ | *Pseudotsuga menziesii* | >20 | d | ✓ | ✓ | | ✓ | | ✓ |
| ਸਿਟਕਾ ਸਪਰੂਸ | *Picea sitchensis* | >20 | m | ✓ | ✓ | | ✓ | | ✓ |
| ਬਲੈਕ ਹਾਥੌਰਨ | *Crataegus douglasii* | 6 | m | ✓ | ✓ | ✓ | | ✓ | ✓ |
| ਪੈਸੇਫਿਕ ਕਰੈਬਐਪਲ | *Malus fusca* | 6 | m-w | | ✓ | ✓ | | ✓ | ✓ |
| ਕੌੜੀ ਚੈਰੀ | *Prunus emarginata* | 10-20 | m | | ✓ | | | ✓ | ✓ |
| ਰੈੱਡ ਐਲਡਰ | *Alnus rubra* | >20 | m | | ✓ | ✓ | | ✓ | ✓ |
| ਪੇਪਰ ਬਰਚ | *Betula papyrifera* | >20 | m-w | | ✓ | ✓ | | ✓ | ✓ |
| ਬਲੈਕ ਕਾਟਨਵੁੱਡ | *Populus trichocarpa* | >50 | m-w | | ✓ | ✓ | | | ✓ |
| ਵੱਡੇ ਪੱਤੇ ਮੈਪਲ | *Acer macrophyllum* | >20 | d-m | ✓ | ✓ | | | ✓ | ✓ |
| ਡਗਲਸ ਮੈਪਲ | *Acer glabrum* | 5-10 | d-m | ✓ | ✓ | | | ✓ | ✓ |
| ਵਾਈਨ ਮੈਪਲ | *Acer circinatum* | 5-7 | m-w | ✓ | ✓ | | | ✓ | ✓ |
| ਮਾਊਂਟੇਨ ਐਸ਼ | *Sorbus sitchensis* | 10 | m-w | ✓ | | | | ✓ | ✓ |
| ਵਿੱਲੋ (ਕਈ ਕਿਸਮਾਂ) | *Salix spp.* | 12 | w | | ✓ | | | ✓ | ✓ |

# ਝਾੜੀਆਂ

| ਆਮ ਨਾਂ | ਵਿਗਿਆਨਕ ਨਾਂ | ਉੱਚਾਈ (ਮੀਟਰ) | ਮਿੱਟੀ ਦੀ ਸਿੱਲ੍ਹ | ਦੁੱਧਧਾਰੀ | ਪੰਛੀ | ਕੀਟ | ਸਰਦੀਆਂ ਦੌਰਾਨ ਕਵਰ | ਫੁੱਲ | ਬੀਜ/ਫਲ |
|---|---|---|---|---|---|---|---|---|---|
| | | | | ਲਈ ਮਹੱਈਆ | | | ਲਈ ਮਹੱਤਵਪਰਨ | | |
| ਰੈੱਡ ਐਲਡਰਬੈਰੀ | *Sambucus racemosa* | 2-6 | *m* | | √ | √ | | √ | √ |
| ਓਸ਼ਨਸਪਰੇਅ | *Holodiscus discolor* | 2-4 | *d-m* | | √ | √ | | √ | |
| ਪੈਸੇਫਿਕ ਨਾਈਨਬਾਰਕ | *Physocarpus capitatus* | 2-4 | *w* | | √ | √ | | √ | |
| ਚੁੰਝਦਾਰ ਹੇਜ਼ਲਨਟ | *Corylus cornuta* | 2-6 | *m* | √ | √ | √ | | √ | √ |
| ਸੈਮਨਬੈਰੀ | *Rubus spectabilis* | 2-4 | m-w | √ | √ | | | √ | √ |
| ਥਿੰਬਲਬੈਰੀ | *Rubus parviflorus* | 1-3 | m | | √ | | | √ | √ |
| ਨੂਟਕਾ ਰੋਜ਼ | *Rosa nutkana* | 1-2 | d-m | | √ | √ | √ | √ | √ |
| ਬਾਲਡਹਿੱਪ ਰੋਜ਼ | *Rosa gymnocarpa* | 1-2 | d-m | | √ | √ | √ | √ | √ |
| ਲਾਲ ਫੁੱਲ ਕੁਰੈਂਟ | *Ribes sanguineum* | 1-3 | d-m | | √ | | | √ | √ |
| ਸਟਿੰਕ ਕੁਰੈਂਟ | *Ribes bracteosum* | 2-3 | d-m | | √ | | | √ | √ |
| ਰੈੱਡ-ਓਜ਼ੀਰ ਡੌਗਵੁੱਡ | *Cornus stolonifera* | 2-5 | m | | √ | | | √ | √ |
| ਸਸਕਾਟੂਨ ਬੈਰੀ | *Amelanchier alnifolia* | 2-5 | d-m | | √ | √ | | | √ |
| ਸਨੋਬੈਰੀ | *Symphoricarpus albus* | 1-2 | d-m | | √ | | | | √ |
| ਉੱਚਾ ਓਰੇਗਨ ਅੰਗੂਰ | *Mahonia aquifolium* | 1-2 | d-m | √ | √ | √ | | √ | √ |
| ਉੱਚੀ ਝਾੜੀ ਕਰੇਨਬੈਰੀ | *Viburnum edule* | 1-3 | m-w | | √ | √ | | √ | √ |
| ਹਾਰਡਹੈਕ | *Spirea douglasii* | 3-4 | m-w | | √ | √ | √ | √ | |
| ਮੌਕ ਔਰੇਂਜ | *Philadelphis lewisii* | 5 | d-m | | √ | √ | | √ | |
| ਟਵਿੰਨਬੈਰੀ | *Lonicera involucrata* | 3-5 | m-w | | | √ | | √ | √ |
| ਸਲਾਲ | *Gaultheria shallon* | 2 | m-w | | | √ | | | √ |
| ਓਸੋਬੈਰੀ | *Oemleria cerasiform* | 2-6 | d-m | | √ | √ | | √ | √ |
| ਚੋਕ-ਚੈਰੀ | *Prunus virginiana* | 6-9 | d-m | √ | √ | √ | | √ | √ |

# ਖੋਜ ਅਤੇ ਪੁਸ਼ਟੀਕਰਨ

ਖੋਜ ਅਤੇ ਪੁਸ਼ਟੀਕਰਨ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਦੇ ਪ੍ਰੋਗਰਾਮਾਂ ਦੇ ਮਹੱਤਵਪੂਰਨ ਭਾਗ ਹਨ। ਸਾਡੇ ਖਰਚੇ ਵੰਡਾਉਣ ਵਾਲੇ ਪ੍ਰੋਗਰਾਮਾਂ ਦਾ ਆਧਾਰ ਵਿਗਿਆਨ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਪ੍ਰਾਜੈਕਟਾਂ ਦੇ ਚਾਹੇ ਜਾਂਦੇ ਅਸਰ ਪੈ ਰਹੇ ਹਨ, ਇੰਨ੍ਹਾਂ ਲਈ ਸਲਾਨਾਂ ਸਰਵੇਖਣਾਂ ਦੀ ਲੋੜ ਹੁੰਦੀ ਹੈ।

ਫੀਲਡ ਤਕਨੀਸ਼ੀਅਨਾਂ ਵੱਲੋਂ ਇਹ ਜਾਚਣ ਲਈ ਕਿ ਪ੍ਰਜਾਤੀਆਂ ਇੰਨ੍ਹਾਂ ਵਸੇਬਿਆਂ ਦੀ ਵਰਤੋਂ ਕਰ ਰਹੀਆਂ ਹਨ, ਹੈੱਜਰੋਆਂ ਨੂੰ ਸਾਲ ਭਰ ਦੌਰਾਨ ਵੇਖਣ ਆਇਆ ਜਾ ਸਕਦਾ ਹੈ। ਫੀਲਡ ਤਕਨੀਸ਼ੀਅਨ ਸਾਨੂੰ ਇਹ ਸਮਝਣ 'ਚ ਮਦਦ ਕਰਨ ਲਈ ਹੈੱਜਰੋਆਂ 'ਚ ਆਉਣ ਵਾਲੇ ਪੰਛੀਆਂ ਨੂੰ ਵਾਚਦੇ ਹਨ ਕਿ ਇੰਨ੍ਹਾਂ ਪੰਛੀਆਂ ਦੀ ਸਰਦੀਆਂ ਦੇ ਮੌਸਮ ਦੌਰਾਨ, ਬਹਾਰ ਰੁੱਤੇ ਪ੍ਰਵਾਸ, ਪ੍ਰਜਣਨ ਸੀਜ਼ਨ ਅਤੇ ਪੱਤਝੜ ਰੁੱਤ ਦੇ ਪ੍ਰਵਾਸ ਦੌਰਾਨ ਵਿਭਿੰਨਤਾ ਅਤੇ ਬਹੁਤਾਤ 'ਚ ਸਹਾਈ ਹੋਣ ਲਈ ਹੈੱਜਰੋਆਂ ਦੀ ਕਿੰਨੀ ਮਹੱਤਤਾ ਹੈ। ਜੇਕਰ ਬੇਨਤੀ ਕੀਤੀ ਜਾਂਦੀ ਹੈ ਤਾਂ ਤੁਹਾਡੇ ਫਾਰਮ ਦੇ ਨਿੱਜੀ ਨਤੀਜੇ ਤੁਹਾਡੇ ਨਾਲ ਸਾਂਝੇ ਕੀਤੇ ਜਾ ਸਕਦੇ ਹਨ।

# ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਕੌਣ ਹਨ?

ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਮੂਲ ਪੱਧਰ ਦੀ ਸੰਸਥਾ ਹੈ ਜਿਹੜੀ ਫਰੇਜ਼ਰ ਰਿਵਰ ਮੁਹਾਣ ਅਤੇ ਫਰੇਜ਼ਰ ਵੈਲੀ ਵਿਚ ਫਾਰਮਲੈਂਡ ਅਤੇ ਵਾਈਲਡ ਲਾਈਫ ਹੈਬੀਟੈਟ ਦੇ ਸੁਰੱਖਿਅਣ ਨੂੰ ਸਟੀਵਰਡਸ਼ਿੱਪ ਪ੍ਰਾਜੈਕਟਾਂ ਦੀ ਸਹਾਇਤਾ ਲਈ ਫੰਡਿੰਗ ਦੇਣ ਦੁਆਰਾ, ਬੜ੍ਹਾਵਾ ਦਿੰਦੀ ਹੈ। ਜ਼ਮੀਨ ਦਾ ਉਪਜਾਊਪਣ ਅਤੇ ਫਾਰਮ ਉਪਰਲੇ ਹੈਬੀਟੈਟ/ਵਸੇਬੇ ਸਾਡੀਆਂ ਦੋ ਪ੍ਰਮੁੱਖ ਤਰਜੀਹਾਂ ਹਨ। ਅਸੀਂ ਵਿਗਿਆਨ-ਆਧਾਰਿਤ ਪਹੁੰਚਾਂ ਦੁਆਰਾ ਉਤਪਾਦਨ ਸਿਸਟਮਾਂ ਨੂੰ ਉੱਪਰ ਚੁੱਕਣ ਲਈ ਕਿਸਾਨਾਂ ਨਾਲ ਮਿਲ ਕੇ ਕੰਮ ਕਰਦੇ ਹਾਂ। ਸਾਡੇ ਫੀਲਡ ਤਕਨੀਸ਼ੀਅਨ ਇਹ ਸਮਝਣ ਲਈ ਪ੍ਰਾਜੈਕਟਾਂ ਦਾ ਸਰਵੇਖਣ ਕਰਦੇ ਹਨ ਕਿ ਉਨ੍ਹਾਂ ਦਾ ਜੰਗਲੀ ਜੀਵ-ਜੰਤੂਆਂ ਅਤੇ ਜ਼ਮੀਨ ਦੇ ਉਪਜਾਊਪਣ 'ਤੇ ਕੀ ਅਸਰ ਪੈ ਰਿਹਾ ਹੈ।

ਡੈਲਟਾ ਫਾਰਮਲੈਂਡ ਐਂਡ ਵਾਈਲਡ ਲਾਈਫ ਟ੍ਰਸਟ 30 ਸਾਲਾਂ ਤੋਂ ਡੈਲਟਾ ਵਿਚਲੇ ਫਾਰਮਰਾਂ ਨੂੰ ਖਰਚਾ ਵੰਡਾਉਣ ਵਾਲੇ ਪ੍ਰੋਗਰਾਮ ਪੇਸ਼ ਕਰਦਾ ਆ ਰਿਹਾ ਹੈ। ਇਨ੍ਹਾਂ ਭਾਈਵਾਲੀਆਂ ਨਾਲ ਪ੍ਰੀਵਰਤਨਸ਼ੀਲ ਤਬਦੀਲੀਆਂ ਹੋਈਆਂ ਅਤੇ ਇਸ ਖੇਤਰ ਵਿਚ ਫਾਰਮਾਂ ਉਪਰ ਜੰਗਲੀ ਜੀਵ-ਜੰਤੂਆਂ ਲਈ ਸਹਾਇਤਾ ਮਿਲੀ ਹੈ। ਪ੍ਰੋਗਰਾਮ ਵਿਚ ਮੈਟਰੋ ਵੈਨਕੂਵਰ ਅਤੇ ਐਬਟਸਫੋਰਡ ਵਿਚਲੇ ਫਾਰਮਾਂ ਨੂੰ ਸ਼ਾਮਲ ਕਰਨ ਲਈ ਹੁਣੇ ਜਿਹੇ ਵਿਸਥਾਰ ਹੋਇਆ ਹੈ। ਸਾਡੀ ਫਾਰਮਰ-ਕੇਂਦਰਿਤ ਪਹੁੰਚ ਯਕੀਨੀ ਬਣਾਉਂਦੀ ਹੈ ਕਿ ਪ੍ਰੋਗਰਾਮਾਂ 'ਚ ਸ਼ਾਮਲ ਹੋਣ ਵਾਲੇ ਕਾਸ਼ਤਕਾਰ ਕਿਸੇ ਗੁੰਝਲਦਾਰ ਅਮਲ ਤੋਂ ਬਗੈਰ ਆਪਣੇ ਪ੍ਰਾਜੈਕਟਾਂ ਵਾਸਤੇ ਲੋੜੀਂਦੀ ਫੰਡਿੰਗ ਪ੍ਰਾਪਤ ਕਰ ਸਕਣ। ਸਾਡੀ ਸੰਸਥਾ ਕਿਸਾਨਾਂ ਤੇ ਸੁਰੱਖਿਅਣਵਾਦੀਆਂ ਦੁਆਰਾ ਮਿਲਕੇ ਕੰਮ ਕਰਦਿਆਂ ਚਲਾਈ ਜਾਂਦੀ ਹੈ ਤਾਂ ਜੋ ਫਾਰਮਾਂ ਉੱਪਰ ਸਹਿਯੋਗਮਈ ਅਤੇ ਵਿਵਹਾਰਕ ਯਤਨਾਂ ਨੂੰ ਸਹਾਇਤਾ ਮਿਲੇ।

## ਪ੍ਰੋਗਰਾਮ ਬਾਰੇ ਸਵਾਲ ਹਨ? ਸਾਡੇ ਨਾਲ ਸੰਪਰਕ ਕਰੋ:

604-940-3392 | programs@dfwt.ca | www.deltafarmland.ca

# ਨਿਯਮ ਅਤੇ ਸ਼ਰਤਾਂ

1. ਹੈੱਜਰੋਅ ਸਟੀਵਰਡਸ਼ਿੱਪ ਪ੍ਰੋਗਰਾਮ ਲਈ ਅਰਜ਼ੀਆਂ ਕੇਵਲ ਉਨ੍ਹਾਂ ਖੇਤਾਂ ਵਾਸਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਹੜੇ ਮੈਟਰੋ ਵੈਨਕੂਵਰ ਦੀਆਂ ਨਗਰਪਾਲਿਕਾਵਾਂ ਜਾਂ ਐਬਟਸਫੋਰਡ ਵਿਚ ਆਉਂਦੇ ਹਨ।
2. ਮਨਜ਼ੂਰੀ ਫੰਡਿੰਗ ਦੀ ਉਪਲਬਧਤਾ 'ਤੇ ਨਿਰਭਰ ਕਰਦੀ ਹੈ।
3. ਹੈੱਜਰੋਆਂ ਜ਼ਰੂਰੀ ਤੌਰ 'ਤੇ, ਜਿਵੇਂ ਐਗਰੀਮੈਂਟ 'ਚ ਮਿਥਿਆ ਗਿਆ ਹੈ, ਲੰਮੇ ਸਮੇਂ ਲਈ ਅਕਸਰ (10) ਸਾਲਾਂ ਲਈ ਸਥਾਪਤ ਹਾਲਤ ਵਿਚ ਛੱਡੀਆਂ ਜਾਣ ਅਤੇ ਸਾਂਭ-ਸੰਭਾਲ ਸਹਿਤ ਸੁਰੱਖਿਅਤ ਕੀਤੀਆਂ ਜਾਣ।
4. ਸ਼ਾਮਲ ਹੋਣ ਵਾਲੇ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਨੂੰ ਹੈੱਜਰੋਆਂ ਦੇ ਜੰਗਲੀ ਜੀਵ-ਜੰਤੂਆਂ ਵੱਲੋਂ ਵਰਤੇ ਜਾਣ ਨੂੰ ਵਾਚਣ ਦੇਣ ਵਾਸਤੇ ਅਤੇ ਕੋਆਪਰੇਟਰ ਨੂੰ ਸੂਚਿਤ ਕਰਨ ਅਤੇ ਉਸਦੀ ਆਗਿਆ ਨਾਲ ਕਦੇ ਕਦਾਈਂ ਦੇ ਸਿੱਖਿਆ ਟੂਰ ਲਈ ਸਹਿਮਤ ਹੁੰਦੇ ਹਨ।
5. ਸ਼ਾਮਲ ਹੋਣ ਵਾਲੇ ਕਿਸੇ ਵੀ ਹੋਰ ਪ੍ਰੋਗਰਾਮ ਜਾਂ ਐਗਰੀਮੈਂਟ ਤੋਂ ਹੈੱਜਰੋਅ ਵਾਸਤੇ ਮੁੜਵੀਂ ਭਰਪਾਈ ਜਾਂ ਕਿਰਾਏ ਦੀ ਪੇਮੈਂਟ ਦੇ ਬਦਲ ਵਜੋਂ ਕੁਝ ਨਾ ਲੈਣ ਲਈ ਸਹਿਮਤ ਹੁੰਦੇ ਹਨ।

ਇਸ ਦਸਤਾਵੇਜ਼ ਵਿਚ ਦਿੱਤੀ ਗਈ ਜਾਣਕਾਰੀ ਛਾਪੇ ਜਾਣ ਦੇ ਸਮੇਂ (ਜਨਵਰੀ 2024) ਸਹੀ ਹੈ ਅਤੇ ਇਹ ਬਦਲੀ ਜਾ ਸਕਦੀ ਹੈ।




# ਇਕ ਫਾਰਮਰ ਵੱਲੋਂ ਕਹਾਣੀ ਜੋ ਹੈੱਜਰੋਆਂ ਦੀ ਵਰਤੋਂ ਕਰਦਾ ਹੈ

ਲੈਡਨਰ ਬੀ ਸੀ ਦੇ ਕਰੈਸੰਟ ਆਇਲੈਂਡ ਫਾਰਮਸ 1961 ਤੋਂ ਮੈਲਿੰਸਟੀਨ ਪਰਿਵਾਰ ਕੋਲ ਚਲੇ ਆ ਰਹੇ ਹਨ। ਅੱਜਕਲ ਫਾਰਮ ਬਾਰਨਸਾਇਡ ਬਰੂਇੰਗ ਕੰਪਨੀ ਵਾਸਤੇ 25 ਏਕੜਾਂ 'ਚ ਘਾਹ, ਸਬਜ਼ੀਆਂ ਅਤੇ ਹੌਪਸ ਉਗਾਉਂਦਾ ਹੈ, ਜਿਹੜੀ ਤਿੰਨ ਹੋਰ ਡੈਲਟਾ ਫਾਰਮ ਪਰਿਵਾਰਾਂ ਦੇ ਨਾਲ ਕੈੱਨ ਮੈਲਿੰਸਟੀਨ ਦੇ ਪਰਿਵਾਰ ਦੀ ਮਾਲਕੀ ਵਾਲੀ ਫਾਰਮ-ਆਧਾਰਿਤ ਬ੍ਰੀਊਰੀ ਹੈ।

"ਮੇਰਾ ਡੈਡ ਸਿੱਖਣ ਅਤੇ ਅਪਣਾਉਣ 'ਚ ਬੜਾ ਮਹਾਨ ਸੀ। ਅਗੇਤਿਆਂ ਹੀ ਉਸਨੇ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਵਲੋਂ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਦੀ ਕੀਮਤ ਨੂੰ ਪਛਾਣ ਲਿਆ ਸੀ।" ਕੈੱਨ ਦੱਸਦਾ ਹੈ। ਮੈਲਿੰਸਟੀਨ ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਵੱਲੋਂ ਸਹਾਇਤਾ ਸਹਿਤ 1980ਵਿਆਂ ਦੇ ਮਗਰਲੇ ਸਮਿਆਂ ਤੋਂ ਹੈੱਜਰੋਆਂ ਲਗਾ ਰਹੇ ਹਨ। ਕੈੱਨ ਵਾਸਤੇ ਹੈੱਜਰੋਆਂ ਸੁਹਜ ਅਤੇ ਪ੍ਰੈਕਟੀਕਲ ਦੋਵੇਂ ਹਨ। "ਮੈਂ ਹੈੱਜਰੋਅ ਦੀ ਦਿੱਖ ਪਸੰਦ ਕਰਦਾਂ ਹਾਂ, ਅਤੇ ਉਹ ਫਾਇਦੇਮੰਦੇ ਕੀਟਾਂ  ਨੂੰ ਵਸੇਬਾ ਪ੍ਰਦਾਨ ਕਰਦੀਆਂ ਹਨ, ਜਿਹੜੇ ਮਾਰਕੀਟ ਗਾਰਡਨ ਦੇ ਪ੍ਰਾਗਣ 'ਚ ਸਹਾਈ ਹੁੰਦੇ ਅਤੇ ਕੀੜਿਆਂ ਦਾ ਸ਼ਿਕਾਰ ਕਰਦੇ ਹਨ। ਅਸੀਂ ਆਪਣੇ ਗਾਰਡਨ 'ਚ ਕੀਟਨਾਸ਼ਕ ਨਹੀਂ ਵਰਤਦੇ ਅਤੇ ਸ਼ਿਕਾਰੀ ਕੀਟ, ਜਿਵੇਂ ਲੇਡੀਬੱਗ, ਗਰਾਊਂਡ ਬੀਟਲ ਅਤੇ ਭੂੰਡ ਸਫਾਇਆ ਕਰਨ 'ਚ ਸਾਡੀ ਮਦਦ ਕਰਦੇ ਹਨ।

ਕਰੈਸੰਟ ਆਇਲੈਂਡ ਫਾਰਮਸ ਉੱਪਰ ਲੱਗੀਆਂ ਹੈੱਜਰੋਆਂ ਵੱਡੇ ਦਰਖਤਾਂ ਅਤੇ ਨੀਵੀਂਆਂ ਰਹਿਣ ਵਾਲੀਆਂ ਝਾੜੀਆਂ ਦਾ ਮਿਸ਼ਰਣ ਹਨ। ਉਹ ਏਨਾਂ ਵਧੀਆ ਕੰਮ ਕਰ ਰਹੀਆਂ ਹਨ ਕਿ ਕੈੱਨ ਇਸ ਪੱਤਝੜ ਰੁੱਤੇ ਮਾਰਕੀਟ ਗਾਰਡਨ ਵਾਲੇ ਖੇਤਾਂ ਦੇ ਪਿਛਵਾੜੇ ਦੇ ਨਾਲ ਨਾਲ, ਅਤੇ ਇਕ ਬ੍ਰੀਊਰੀ ਦੇ ਸਾਹਮਣੇ ਪਾਸੇ ਦੇ ਨਾਲ ਨਾਲ ਨਵੀਂਆਂ ਹੈੱਜਰੋਆਂ ਲਗਾਉਣ ਦੀ ਯੋਜਨਾਂ ਬਣਾ ਰਿਹਾ ਹੈ।

ਆਪਣੇ ਡੈਡ ਵਾਂਗ ਕੈੱਨ ਇਕ ਉਮਰ ਭਰ ਸਿੱਖਣ ਵਾਲਾ ਬੰਦਾ ਹੈ ਜਿਹੜਾ ਖੇਤੀ ਦੀਆਂ ਆਪਣੀਆਂ ਬਣੀਆਂ ਰਹਿਣਯੋਗ ਪ੍ਰੈਕਟਿਸਾਂ ਨੂੰ ਵਿਸਥਾਰ ਦੇਣਾ ਜਾਰੀ ਰੱਖਦਾ ਹੈ। ਹੌਪ ਯਾਰਡਾਂ 'ਚ ਉਹ ਕਤਾਰਾਂ ਦੇ ਦਰਮਿਆਨ ਮਿੱਟੀ ਵਿਚਲੀ ਨਾਈਟ੍ਰੋਜਨ ਸੂਤ ਕਰਨ, ਨਦੀਨਾਂ ਨੂੰ ਘੱਟ ਰੱਖਣ ਅਤੇ ਧੂੜ ਭਰੀਆਂ ਹਾਲਤਾਂ, ਜਿੰਨ੍ਹਾਂ 'ਚ ਮੱਕੜੀਆਂ ਪ੍ਰਫੁੱਲਤ ਹੁੰਦੀਆਂ ਹਨ, ਨੂੰ ਘਟਾਉਣ ਲਈ ਕਲੱਵਰ ਦੀ ਬਦਲਵੀਂ ਫਸਲ ਬੀਜਦਾ ਹੈ। ਭੇਡਾਂ ਦਾ ਇਕ ਝੁੰਡ ਹੌਪ ਦੀਆਂ ਵੇਲਾਂ ਦੇ ਮੁੱਢਾਂ ਨੂੰ ਚਰ ਕੇ ਛਾਂਗ ਦਿੰਦਾ ਹੈ ਤਾਂ ਕਿ ਮੁੱਢਾਂ 'ਚ ਸਿੱਲੇ ਘਾਹ ਪੱਤ 'ਚ ਉੱਲੀ ਨਾ ਬਣੇ ਅਤੇ ਉਹ ਵਧੇ ਫੁਲੇ। ਉਹ ਕੱਲਵਰ ਦੀਆਂ ਵਧੇਰੇ ਪੱਟੀਆਂ ਵੀ ਆਪਣੇ ਖੇਤ ਦੇ ਬੰਨੇ ਬੰਨੇ ਲਗਾ ਰਿਹਾ ਹੈ ਤਾਂ ਕਿ ਹੈੱਜਰੋਆਂ 'ਚ ਲੱਗਣ ਵਾਲੇ ਛੱਤਿਆਂ ਨੂੰ ਪ੍ਰਫੁੱਲਤ ਹੋਣ 'ਚ ਸਹਾਇਤਾ ਮਿਲੇ।

ਡੈਲਟਾ ਫਾਰਮਲੈਂਡ ਤੇ ਵਾਈਲਡਲਾਈਫ ਟ੍ਰਸਟ ਦੁਆਰਾ ਪੇਸ਼ ਕੀਤੇ ਜਾਂਦੇ ਖਰਚਾ ਵੰਡਾਉਣ ਵਾਲੇ ਪ੍ਰੋਗਰਾਮ ਕੈੱਨ ਵਰਗੇ ਫਾਰਮਰਾਂ ਲਈ ਬੜੇ ਮਹੱਤਵਪੂਰਨ ਹਨ। "ਪਰਿਵਾਰਕ ਫਾਰਮਾਂ ਤੋਂ ਵਧੇਰੇ ਪ੍ਰਗਾਣਕਾਰੀ ਵਸੇਬੇ ਜਾਂ ਪ੍ਰਵਾਸ ਕਰਨ ਵਾਲੇ ਸਨੋਅ ਗੀਸ, ਜਿਹੜੇ ਕਿਸੇ ਚਰਾਂਦ ਨੂੰ ਦੋ-ਤਿੰਨ ਰਾਤਾਂ 'ਚ ਸਾਫ ਕਰ ਸਕਦੇ ਹਨ, ਵਾਸਤੇ ਆਰਾਮਗਾਹਾਂ ਮੁਹੱਈਆ ਕਰਨ ਦਾ ਕੁੱਲ ਖਰਚਾ ਸਹਿਣ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ।" ਉਹ ਦੱਸਦਾ ਹੈ। ਡੈਲਟਾ ਫਾਰਮਲੈਂਡ ਐਂਡ ਵਾਈਲਡਲਾਈਫ ਟ੍ਰਸਟ ਦੇ ਪ੍ਰੋਗਰਾਮ 'ਅਸੀਂ ਅਤੇ ਉਹ' ਵਾਲੀ ਭਾਵਨਾਂ ਕੱਢ ਦਿੰਦੇ ਹਨ, ਜਿਹੜੀ ਕਦੇ ਕਦੇ ਪ੍ਰਕਿਰਤੀਵਾਦੀਆਂ ਅਤੇ ਫਾਰਮਰਾਂ ਦਰਮਿਆਨ ਮੌਜੂਦ ਹੁੰਦੀ ਹੈ ਅਤੇ ਸਾਨੂੰ ਧਰਤੀ ਨਾਲ ਆਪਣੇ ਸਾਂਝੇ ਪਿਆਰ 'ਚ ਇਕੱਠਿਆਂ ਕਰ ਦਿੰਦੇ ਹਨ।"

Sustainable Canadian Agricultural Partnership

BRITISH COLUMBIA

Canada